ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ:0172- 2623207, 2620106
ਫੈਕਸ:0172-2624687 ਈ-ਮੇਲssapunjab@yahoo.com

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ. ਮੀਡੀਆ/ਐਸ.ਐਸ.ਏ/2011/79326-345
ਮਿਤੀ ਚੰਡੀਗੜ੍ਹ 27.7.11

ਵਿਸ਼ਾ: ਸਾਲ 2011-12 ਦੌਰਾਨ ਪੜ੍ਹੋ ਪੰਜਾਬ ਦੀ ਪਲੈਨਿੰਗ ਸਬੰਧੀ।
ਹਵਾਲਾ: ਮੀਡੀਆ/ਐਸ.ਐਸ.ਏ/2011/77127-146, ਮਿਤੀ ਚੰਡੀਗੜ੍ਹ 04.07.2011

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਜੋ ਕਿ ਸਮੁੱਚੇ ਪੰਜਾਬ ਰਾਜ ਅੰਦਰ ਪ੍ਰਾਇਮਰੀ ਸਕੂਲਾਂ ਅੰਦਰ ਗੁਣਵੱਤਾਂ ਦੇ ਸੁਧਾਰ ਪੱਖੋਂ ਚਲਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਦੇ ਨਤੀਜੇ ਸਾਲ 2010-11 ਦੌਰਾਨ ਬਹੁਤ ਹੀ ਸਾਰਥਕ ਰਹੇ ਹਨ। ਸਾਲ 2011-12 ਲਈ ਪੜ੍ਹੋ ਪੰਜਾਬ ਦੀ ਪਲੈਨਿੰਗ ਤਿਆਰ ਕਰ ਲਈ ਗਈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੋਵੇਗੀ:-

(ੳ) ਸਾਲ 2011-12 ਲਈ ਟੀਚੇ :-

| | ਵਿਸ਼ਾ | ਜਮਾਤ | | | | |
|---|---|---|---|---|---|---|
| | | I | II | III | IV | V |
| ਪਹਿਲਾ ਅੱਧਾ ਦਿਨ | ਹਿਸਾਬ | 100% ਬੱਚੇ ਅੰਕ ਪਹਿਚਾਣ, 100% ਬੱਚੇ ਇਕ ਅੰਕੀ ਜੋੜ, 5 ਤੱਕ ਪਹਾੜੇ ਕਰਨਗੇ। | 100% ਬੱਚੇ ਦੋ ਅੰਕੀ ਹਾਸਿਲ ਵਾਲਾ ਜੋੜ, 100% ਬੱਚੇ ਦੋ ਅੰਕੀ ਹਾਸਿਲ ਵਾਲਾ ਘਟਾਓ, 10 ਤੱਕ ਪਹਾੜੇ ਕਰਨਗੇ | 100% ਬੱਚੇ ਦੋ ਅੰਕਾਂ ਦਾ ਹਾਸਿਲ ਵਾਲਾ ਜੋੜ ਅਤੇ ਘਟਾਓ, 100% ਤਿੰਨ ਅੰਕਾਂ ਦੀ ਇਕ ਅੰਕ ਨਾਲ ਭਾਗ, 100% ਬੱਚੇ 15 ਤੱਕ ਪਹਾੜੇ ਕਰਨਗੇ | (ਪਾਠਕ੍ਰਮ ਯੁਨਿਟ ਮੁਤਾਬਿਕ) ਚੌਥੀ ਅਤੇ ਪੰਜਵੀਂ ਜਮਾਤ ਦੇ 100% ਬੱਚੇ 20 ਤੱਕ ਪਹਾੜੇ ਕਰਨਗੇ ਅਤੇ ਪਾਠਕ੍ਰਮ ਯੁਨਿਟ ਮੁਤਾਬਿਕ ਕਰਨਗੇ। ਬਾਕੀ ਟੀਚੇ ਜਮਾਤ ਤੀਜੀ ਵਾਲੇ ਹੋਣਗੇ | |
| | ਪੰਜਾਬੀ | ਸ਼ਬਦ ਪੜ੍ਹਨਾ,ਲਗਾਂ ਮਾਤਰਾ ਸਮੇਤ, ਲਿਖਣਾ ਮਾਤਰਾ ਤੋਂ ਬਿਨਾਂ | ਪੈਰ੍ਹਾ ਪੜ੍ਹਨਾ, ਵਾਕ ਲਿਖਣਾ | ਕਹਾਣੀ ਪੜ੍ਹਨਾ, ਵਾਕ ਲਿਖਣਾ | ਕਹਾਣੀ ਪੜ੍ਹਨਾ, ਵਾਕ ਲਿਖਣਾ ਅਤੇ ਪਾਠਕ੍ਰਮ ਯੁਨਿਟ ਮੁਤਾਬਿਕ | |
| | ਅੰਗਰੇਜ਼ੀ | Read and Write Letter, **conversation** | Read and Write simple 3 letter words, **conversation** | Read simple sentence and write words, **conversation** | Read simple Paragaraph and write simple sentences, **conversation** | Read Stories and write simple sentences, **conversation** |
| ਅੱਧੀ ਛੁੱਟੀ ਤੋਂ ਬਾਅਦ | ਵਾਤਾਵਰਣ ਸਿੱਖਿਆ | (ਕ੍ਰਿਆਵਾਂ) ਸਮੇਤ ਆਮ ਗਿਆਨ ਵਿਗਿਆਨ | (ਕ੍ਰਿਆਵਾਂ) ਸਮੇਤ ਆਮ ਗਿਆਨ ਵਿਗਿਆਨ | ਪਾਠਕ੍ਰਮ ਕ੍ਰਿਆਵਾ ਸਮੇਤ | | |
| | ਹਿੰਦੀ | | | -- | ਪਾਠਕ੍ਰਮ ਕ੍ਰਿਆਵਾਂ ਸਮੇਤ **ਅਤੇ ਵਾਕ ਪੜ੍ਹਨਾ ਅਤੇ ਸ਼ਬਦ ਲਿਖਣਾ** | ਪਾਠਕ੍ਰਮ ਕ੍ਰਿਆਵਾਂ ਸਮੇਤ **ਅਤੇ ਪੈਰ੍ਹਾ ਪੜ੍ਹਨਾ ਤੇ ਵਾਕ ਲਿਖਣਾ** |

**ਇਸ ਵਾਰ ਅੰਗਰੇਜ਼ੀ ਦੇ ਟੀਚਿਆਂ ਵਿੱਚ ਪਹਿਲੀ ਤੋਂ ਪੰਜਵੀਂ ਜਮਾਤਾਂ ਲਈ ਕਨਵਰਸ਼ੇਸ਼ਨ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਅਤੇ ਹਿੰਦੀ ਨੂੰ ਪੜ੍ਹੋ ਪੰਜਾਬ ਵਿੱਚ ਪਹਿਲੀ ਵਾਰ ਇਟਰਡਿਊਸ ਕੀਤਾ ਜਾ ਰਿਹਾ ਹੈ।**

**(ਅ)** ਸਾਲ 2010-11 ਲਈ ਮਹਿਲਾਂ ਦੀ ਬਣਤਰ ਇਸ ਪ੍ਰਕਾਰ ਹੋਵੇਗੀ:-

| ਵਿਸ਼ਾ | **ਜਮਾਤ** | | |
|---|---|---|---|
| | **ਮਹਿਲ-I** | **ਮਹਿਲ II** | **ਜਮਾਤ IV+V** |
| ਹਿਸਾਬ | ਅੰਕ-ਜੋੜ ਮਹਿਲ | ਘਟਾਓ-ਭਾਗ ਮਹਿਲ | ਪਾਠਕ੍ਰਮ ਮਹਿਲ |
| ਪੰਜਾਬੀ | ਅੱਖਰ ਮਹਿਲ | ਸ਼ਬਦ/ਕਹਾਣੀ ਮਹਿਲ | ਪਾਠਕ੍ਰਮ ਮਹਿਲ |
| ਅੰਗਰੇਜ਼ੀ | ਜਮਾਤ ਅਨੁਸਾਰ | ਜਮਾਤ ਅਨੁਸਾਰ | ਜਮਾਤ ਅਨੁਸਾਰ |
| **ਹਿੰਦੀ** | -- | -- | **ਪਾਠਕ੍ਰਮ ਮਹਿਲ** |

(ੲ) ਅਧਿਆਪਕਾਂ ਲਈ ਹਦਾਇਤਾਂ

- ਹਰੇਕ ਸਕੂਲ ਅੰਦਰ ਮਹਿਲ ਬਣਤਰ ਠੀਕ ਹੋਣੀ ਚਾਹੀਦੀ ਹੈ ਅਤੇ ਪਹਿਲੀ ਤੋਂ ਤੀਜੀ ਜਮਾਤ ਨੂੰ ਮਹਿਲਾਂ ਅਨੁਸਾਰ ਹੀ ਕੰਮ ਕਰਵਾਇਆ ਜਾਵੇ। ਚੌਥੀ ਅਤੇ ਪੰਜਵੀਂ ਜਮਾਤ ਨੂੰ ਪਾਠਕ੍ਰਮ ਮਹਿਲ ਅਨੁਸਾਰ ਕੰਮ ਕਰਵਾਇਆ ਜਾਵੇ। (ਇਹ ਅਧਿਆਪਕ ਡਾਇਰੀ ਤੇ ਦਰਜ ਹੈ)
- ਸਟੇਟ ਵੱਲੋਂ ਭੇਜੀ ਗਈ ਸਮਾਂ ਸਾਰਣੀ ਅਤੇ ਮਹਿਲ ਸਿਸਟਮ ਅਨੁਸਾਰ ਕੰਮ ਹੋਣਾ ਯਕੀਨੀ ਬਣਾਇਆ ਜਾਵੇ।
- ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਖੇਡਾਂ ਕਰਵਾਈਆਂ ਜਾਣ। ਹਰੇਕ ਬੱਚੇ ਦਾ ਕਿਸੇ ਨਾ ਕਿਸੇ ਖੇਡ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਖੇਡ ਲਈ ਬੱਚੇ ਨੂੰ ਤਿਆਰ ਕੀਤਾ ਜਾਵੇ।
- ਅਧਿਆਪਕ ਕੋਲ ਮੈਨੂੱਅਲ ਹੋਵੇ ਅਤੇ ਉਸ ਨੂੰ ਟੀਚਿਆਂ ਅਤੇ ਪੜ੍ਹੋ ਪੰਜਾਬ ਦੀਆਂ ਤਕਨੀਕਾਂ ਦੀ ਮੁਕੰਮਲ ਜਾਣਕਾਰੀ ਹੋਵੇ।

- ਬੱਚਿਆਂ ਨੂੰ ਅਧਿਆਪਕ ਦੁਆਰਾ ਟੀ.ਐਲ.ਐਮ. ਨਾਲ ਹੀ ਪੜ੍ਹਾਇਆ ਜਾਵੇ।
- ਬੱਚਿਆਂ ਦੀ 10, 20, 30 ਤਾਰੀਖ਼ ਨੂੰ ਤਰੱਕੀ ਯਕੀਨੀ ਬਣਾਈ ਜਾਵੇ।
- ਬੱਚਿਆਂ ਦੀ ਸੁੰਦਰ ਲਿਖਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਸੁਹਣਾ ਅਤੇ ਸਾਫ਼ ਲਿਖਣ ਲਈ ਬੱਚਿਆਂ ਨੂੰ ਪ੍ਰੇਰਿਆ ਜਾਵੇ।
- ਸਕੂਲ ਦਾ ਕੋਈ ਵੀ ਬੱਚਾ ਹੁਣ ਆਰੰਭਿਕ ਤੇ ਨਹੀਂ ਹੋਣਾ ਚਾਹੀਦਾ। ਜੇਕਰ ਹੈ ਤਾਂ ਉਸ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇ। ਅਤੇ ਇਸ ਦੀ ਰਿਪੋਰਟ ਜ਼ਿਲ੍ਹਾ ਕੋਆਰਡੀਨੇਟਰ ਕੋਲ ਹੋਵੇ। ਜੋ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਦਿੱਤੀ ਜਾਵੇ।
- ਬੱਚਿਆਂ ਨੂੰ ਅਭਿਆਸ ਪੁਸਤਕਾਂ ਤੇ ਕੰਮ ਕਰਵਾਇਆ ਜਾਵੇ ਅਤੇ ਉਹਨਾਂ ਨੂੰ ਚੈੱਕ ਵੀ ਕੀਤਾ ਜਾਵੇ।
- ਬੱਚਿਆਂ ਦੀਆਂ ਕਾਪੀਆਂ ਚੈੱਕ ਹੋਣ ਅਤੇ ਅਧਿਆਪਕ ਦੁਆਰਾ ਗਲ਼ਤੀਆਂ ਦਰੁਸਤ ਕੀਤੀਆਂ ਹੋਣ।
- ਰੀਡਿੰਗ ਸੈੱਲ ਵਿਚੋਂ ਹਰ ਰੋਜ਼ ਕਿਤਾਬਾਂ ਜਾਰੀ ਹੋਣ ਅਤੇ ਟਾਇਮ ਟੇਬਲ ਅਨੁਸਾਰ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਜਾਣ।
- ਹਰੇਕ ਸਕੂਲ ਅੰਦਰ ਮੈਥ ਕਾਰਨਰ ਬਣਿਆ ਹੋਵੇ ਅਤੇ ਇਸ ਦੀ ਵਰਤੋਂ ਵੀ ਅਧਿਆਪਕ ਦੁਆਰਾ ਯਕੀਨੀ ਬਣਾਈ ਜਾਵੇ।ਮੈਥ ਕਾਰਨਰ ਦੀਆਂ ਆਕ੍ਰਿਤੀਆਂ ਦੀ ਹੁਣ ਬੱਚਿਆਂ ਨੂੰ ਪਛਾਣ ਹੋਣੀ ਜ਼ਰੂਰੀ ਹੈ।
- ਬੱਚਿਆਂ ਦੀ ਸਰੀਰ ਅਤੇ ਕੱਪੜਿਆਂ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ।
- ਸਕੂਲ ਦੀ ਸਫ਼ਾਈ ਅਤੇ ਪਖ਼ਾਨਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।
- ਸਕੂਲ ਦੇ ਬਲੈਕ ਬੋਰਡ ਵਧੀਆ ਅਤੇ ਵਰਤੋ ਯੋਗ ਹੋਣ।
- ਅਧਿਆਪਕ ਡਾਇਰੀ ਮੁਕੰਮਲ ਹੋਵੇ। ਇਸ ਡਾਇਰੀ ਵਿੱਚ ਲੈਸਨ ਪਲੈਨ, ਵਰਤੀ ਜਾਣ ਵਾਲੀ ਟੀ.ਐਲ.ਐਮ. ਬਾਰੇ ਜ਼ਰੂਰ ਦੱਸਿਆ ਜਾਵੇ। ਇਸ ਤੇ ਸਕੂਲ ਮੁਖੀ ਦੇ ਹਸਤਾਖ਼ਰ ਤੇ ਟਿੱਪਣੀ ਕੀਤੀ ਹੋਵੇ।

- ਚਮਕਦੇ ਸਿਤਾਰੇ ਬੋਰਡ ਤੇ ਸਕੂਲ ਵਿਚੋਂ ਪੜ੍ਹ ਕੇ ਗਏ ਹੁਣ ਖਾਸ ਵਿਅਕਤੀ ਦੇ ਨਾਂ ਦਰਜ ਕੀਤੇ ਜਾਣ ਸਨ। ਪ੍ਰੰਤੂ ਦਫ਼ਤਰ ਦੇ ਧਿਆਨ ਵਿਚ ਆਇਆ ਹੈ ਕਿ ਹਾਲੇ ਵੀ ਕੁਝ ਸਕੂਲਾਂ ਅੰਦਰ ਚਮਕਦੇ ਸਿਤਾਰੇ ਬੋਰਡ ਨਹੀਂ ਬਣੇ ਹਨ ਅਤੇ ਕਈ ਸਕੂਲਾਂ ਅੰਦਰ ਖਾਲੀ ਪਏ ਹਨ। ਇਹਨਾਂ ਨੂੰ ਜਲਦੀ ਮੁਕੰਮਲ ਕੀਤਾ ਜਾਵੇ।

<u>(ਸ) ਸੀ.ਐਮ.ਟੀ/ਬੀ.ਐਮ.ਟੀ. ਲਈ ਹਦਾਇਤਾਂ</u>

- ਪੜ੍ਹੋ ਪੰਜਾਬ ਟੀਮ ਦਾ ਸਭ ਤੋਂ ਪਹਿਲਾਂ ਅਤੇ ਜ਼ਰੂਰੀ ਕੰਮ ਅਧਿਆਪਕ ਦੀ ਸਕੂਲਾਂ 'ਚ ਬੱਚਿਆਂ ਦੀ ਪੜ੍ਹਾਈ ਦੇ ਸੁਧਾਰ ਲਈ ਅਧਿਆਪਨ ਵਿਧੀਆਂ, ਪੜ੍ਹੋ ਪੰਜਾਬ ਤਕਨੀਕ, ਪੜ੍ਹਨ ਸਮੱਗਰੀ, ਟੀ.ਐਲ.ਐਮ., ਪਲੈਨਿੰਗ ਅਤੇ ਬੱਚਿਆਂ ਦਾ ਸਤਰ ਉੱਚਾ ਚੁੱਕਣ ਲਈ ਮਦਦ ਕਰਨਾ ਹੈ। ਅਤੇ ਸਭ ਤੋਂ ਅਹਿਮ ਅਧਿਆਪਕ ਨੂੰ ਪੂਰਾ ਸਤਿਕਾਰ ਦੇਣਾ ਹੈ।
- ਸੀ.ਐਮ.ਟੀ. ਰਾਹੀਂ ਮਹਿਲਾਂ ਦੀ ਤਰਕਸੰਗਤ ਵੰਡ ਯਕੀਨੀ ਬਣਾਈ ਜਾਵੇ।
- ਸਪਲੀਮੈਂਟਰੀ ਮਟੀਰੀਅਲ ਤੋਂ ਸਕੂਲ ਅੰਦਰ ਕੰਮ ਹੋਣਾ ਯਕੀਨੀ ਬਣਾਇਆ ਜਾਵੇ।ਹਰ ਮੁਕਾਬਲੇ ਲਈ ਬੱਚਿਆਂ ਨੂੰ ਤਿਆਰ ਰੱਖਣਾ ਸੀ.ਐਮ.ਟੀ/ ਬੀ.ਐਮ.ਟੀ. ਦੀ ਜ਼ਿੰਮੇਵਾਰੀ ਹੈ।
- ਸੀ.ਐਮ.ਟੀ./ਬੀ.ਐਮ.ਟੀ. ਆਪਣੀ ਵਿਜ਼ਟ ਦੌਰਾਨ ਅਭਿਆਸ ਪੁਸਤਕਾਂ ਅਤੇ ਬੱਚਿਆਂ ਦੀਆਂ ਕਾਪੀਆਂ ਰੈਨਡਿੰਮਲੀ ਚੈੱਕ ਕਰਕੇ ਦਸਤਖ਼ਤ ਕਰੇਗਾ।
- ਪੜ੍ਹੋ ਪੰਜਾਬ ਦੀਆਂ ਖੇਡਾਂ ਅਤੇ ਕਮਾਲ ਦੀ ਐਕਟੀਵਿਟੀ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਸੀ.ਐਮ.ਟੀ.ਅਤੇ ਪੀ.ਸੀ.ਸੀ. ਦੀ ਹੋਵੇਗੀ।
- ਸੀ.ਐਮ.ਟੀ. ਮਾਡਲ ਲੈਸਨ ਤਿਆਰ ਕਰੇ ਅਤੇ ਬਕਾਇਦਾ ਆਪਣੇ ਦੁਆਰਾ ਤਿਆਰ ਕੀਤੀ ਟੀ.ਐਲ.ਐਮ. ਦੀ ਜਾਣਕਾਰੀ ਅਧਿਆਪਕ ਨੂੰ ਦੇਵੇ।
- ਸੀ.ਐਮ.ਟੀ.ਸਕੂਲ ਵਿਜ਼ਟ ਸਮੇਂ ਅਧਿਆਪਕ ਦੀ ਮਦਦ ਵਜੋਂ ਟੀਚਿਆ ਤੋਂ ਪਿੱਛੇ ਰਹਿ ਰਹੇ ਬੱਚਿਆਂ ਨੂੰ ਲੈ ਕੇ ਉਹਨਾਂ ਨੂੰ ਪੜ੍ਹੋ ਪੰਜਾਬ ਤਕਨੀਕਾਂ ਅਨੁਸਾਰ ਕੰਮ ਕਰਵਾਏ।

- ਹਰੇਕ ਸਕੂਲ ਵਿੱਚ ਵਿੱਦਿਅਕ ਕੈਲੰਡਰ ਅਨੁਸਾਰ ਸਕੂਲ ਵਿੱਚ ਕ੍ਰਿਆਵਾਂ ਕਰਵਾਉਣੀਆਂ ਸੀ.ਐਮ.ਟੀ/ਬੀ.ਐਮ.ਟੀ. ਦੀ ਜ਼ਿੰਮੇਵਾਰੀ ਹੋਵੇਗੀ।
- ਹਰੇਕ ਸੀ.ਐਮ.ਟੀ/ਬੀ.ਐਮ.ਟੀ. ਕੋਲ ਬੈਗ ਹੋਣਾ ਜ਼ਰੂਰੀ ਹੈ ਜਿਸ ਵਿੱਚ ਪੜ੍ਹੋ ਪੰਜਾਬ ਕਿੱਟ, ਮਹੀਨੇ ਦਾ ਏਜੰਡਾ, ਲੈਸਨ ਪਲਾਨ, ਮਾਡਲ ਡਾਇਰੀ ਲਿਖਣ ਦੇ ਨਮੂਨੇ ਹੋਣ।
- ਕੋਈ ਵੀ ਸੀ.ਐਮ.ਟੀ ਸਾਰੀ ਛੁੱਟੀ ਹੋਣ ਤੋਂ ਅੱਧਾ ਘੰਟੇ ਤੋਂ ਪਹਿਲਾਂ ਆਪਣੀ ਡਾਇਰੀ ਨਹੀਂ ਲਿਖ ਸਕੇਗਾ।ਅਤੇ ਸਬੰਧਤ ਸਕੂਲ ਮੁੱਖੀ ਤੋਂ ਇਸ ਡਾਇਰੀ ਤੇ ਦਸਤਖ਼ਤ ਕਰਵਾਏਗਾ।
- ਵਿਜ਼ਟਰ ਬੁੱਕ ਤੇ ਬੀ.ਐਮ.ਟੀ. ਤੇ ਸੀ.ਐਮ.ਟੀ. ਰਾਹੀਂ ਕੀਤੀ ਜਾਣ ਵਾਲੀ ਟਿੱਪਣੀ ਆਪਣੀ ਪਹਿਲੀ ਟਿੱਪਣੀ ਨੂੰ ਧਿਆਨ ਵਿੱਚ ਰੱਖ ਕੇ ਦਿੱਤੀ ਜਾਵੇ ਅਤੇ ਬਕਾਇਦਾ ਇਸ ਦਾ ਰਿਵਿਊ ਕੀਤਾ ਜਾਵੇ। ਅਤੇ ਸੁਝਾਅ ਰੂਪ 'ਚ ਜ਼ਰੂਰ ਸੀ.ਐਮ.ਟੀ/ਬੀ.ਐਮ.ਟੀ. ਲਿਖੇਗਾ।
- ਪੜ੍ਹੋ ਪੰਜਾਬ ਦੀ ਕੋਈ ਵੀ ਮੀਟਿੰਗ ਅੱਧੀ ਛੁੱਟੀ ਤੋਂ ਪਹਿਲਾਂ ਨਹੀਂ ਹੋਵੇਗੀ।
- ਬੀ.ਐਮ.ਟੀ. ਸੁੱਕਰਵਾਰ ਨੂੰ ਬੀ.ਪੀ.ਈ.ਓ. ਨਾਲ ਪੜ੍ਹੋ ਪੰਜਾਬ ਦੀਆਂ ਮੀਟਿੰਗਾਂ ਕਰੇਗਾ ਅਤੇ ਜ਼ਿਲ੍ਹਾ ਕੋਆਰਡੀਨੇਟਰ ਸੋਮਵਾਰ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਨਾਲ ਹੋਣ ਵਾਲੀ ਮੀਟਿੰਗ ਵਿੱਚ ਏਜੰਡੇ ਨੂੰ ਰਿਵਿਊ ਕਰੇਗਾ।
- ਟੀਚਿਆਂ ਦੀ ਪ੍ਰਾਪਤੀ ਲਈ ਸੀ.ਐਮ.ਟੀ ਦੁਆਰਾ ਅਧਿਆਪਕ ਦੀ ਮਦਦ ਬਹੁਤ ਜ਼ਰੂਰੀ ਹੈ ਅਤੇ ਬੀ.ਐਮ.ਟੀ. ਦੀ ਆਪਣੀ ਟੀਮ ਤੋਂ ਬਲਾਕ ਅੰਦਰ ਬਕਾਇਦਾ ਪਲੈਨਿੰਗ ਅਨੁਸਾਰ ਕੰਮ ਕਰਵਾਏ।
- ਸੀ.ਐਮ.ਟੀ. ਦਾ ਹੈੱਡ ਕੁਆਟਰ ਉਸਦਾ ਆਪਣਾ ਸਕੂਲ ਹੋਵੇਗਾ ਅਤੇ ਸੀ.ਐਮ.ਟੀ. ਜੇਕਰ ਛੁੱਟੀ ਲੈਂਦਾ ਹੈ ਤਾਂ ਉਸਨੂੰ ਆਪਣੇ ਸਕੂਲ ਮੁਖੀ ਨੂੰ ਦੱਸਣਾ ਜ਼ਰੂਰੀ ਹੋਵੇਗਾ।
- ਸੀ.ਐਮ.ਟੀ. ਆਪਣੇ ਸਕੂਲ ਨੂੰ ਹਰ ਪੱਖੋਂ ਮਾਡਲ ਸਕੂਲ ਦੀ ਤਰ੍ਹਾਂ ਪੇਸ਼ ਕਰੇ।

**(ਹ) ਅਧਿਆਪਕਾਂ ਅਤੇ ਸੀ.ਐਮ.ਟੀ. ਲਈ ਸਾਂਝੀਆਂ ਹਦਾਇਤਾਂ**

- ਕਿਤਾਬੀ ਪੜ੍ਹਾਈ, ਰੱਟਾ ਮਾਰਕਾ ਜਾਂ ਫਿਰ ਰਿਵਾਇਤੀ ਕਿਸਮ ਦੀ ਪੜ੍ਹਾਈ ਦੀ ਥਾਂ ਅੱਜ ਬੱਚੇ ਦੀ ਰੋਜ਼ਾਨਾ ਜ਼ਿੰਦਗੀ ਨਾਲ ਜੋੜ ਕੇ ਬੱਚੇ ਨੂੰ ਸਿਖਾਇਆ/ਪੜ੍ਹਾਇਆ ਜਾਵੇ।

- ਪੜ੍ਹੋ ਪੰਜਾਬ ਪ੍ਰੋਗਰਾਮ ਨੂੰ ਹੋਰ ਸੁਚਾਰੂ ਚਲਾਉਣ ਲਈ ਇਹ ਜ਼ਰੂਰੀ ਹੈ ਕਿ ਇਸ ਵਿੱਚ ਵਿਦਿਆਰਥੀ ਕੇਂਦਰਿਤ ਪਹੁੰਚ ਬਣਾਈ ਜਾਵੇ। ਹੁਸ਼ਿਆਰ ਅਤੇ ਕੰਮਜ਼ੋਰ ਵਿਦਿਆਰਥੀਆਂ ਨੂੰ ਉਸ ਦੀ ਲੋੜ ਅਨੁਸਾਰ ਅਤੇ ਇਹਨਾਂ ਨੂੰ ਹੋਰ ਬਿਹਤਰ ਕਰਨ ਲਈ ਬੱਚੇ ਦਾ ਟਰੀਟਮੈਂਟ ਕੀਤਾ ਜਾਵੇ।
- ਰਾਸ਼ਟਰੀ ਗਾਣ, ਤਿੰਨ ਨਕਸ਼ੇ, ਫਲੈਗ ਪੋਲ ਹਰੇਕ ਸਕੂਲ ਵਿੱਚ ਬਣੇ ਹੋਣੇ ਚਾਹੀਦੇ ਹਨ। ਦੇਖਣ ਵਿੱਚ ਆਇਆ ਹੈ ਕਿ ਨਕਸ਼ੇ ਅਤੇ ਰਾਸ਼ਟਰੀ ਗਾਣ 'ਚ ਸ਼ਬਦ ਜੋੜਾਂ ਦੀਆਂ ਗਲ਼ਤੀਆਂ ਹਨ ਜਿੰਨ੍ਹਾਂ ਨੂੰ ਅਧਿਆਪਕ ਦੁਆਰਾ ਦਰੁਸਤ ਕਰਵਾਉਣਾ ਸੀ.ਐਮ.ਟੀ. ਦੀ ਜ਼ਿੰਮੇਵਾਰੀ ਹੈ।

(ਕ) ਕੋਆਰਡੀਨੇਟਰਾਂ ਲਈ ਹਦਾਇਤਾਂ

- ਹਰੇਕ ਸੀ.ਐਮ.ਟੀ. ਅਤੇ ਬੀ.ਐਮ.ਟੀ. ਤੇ ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਦਾ ਰੂਟ ਪਲੈਨ ਜ਼ਿਲ੍ਹਾ ਕੋਆਰਡੀਨੇਟਰ ਕੋਲ ਹੋਣਾ ਜ਼ਰੂਰੀ ਹੈ।ਅਤੇ ਜ਼ਿਲ੍ਹਾ ਕੋਆਰਡੀਨੇਟਰ ਰੈਨਡਿੰਮਲੀ ਫੋਨ ਤੇ ਆਪਣੀ ਟੀਮ ਦੀ ਮੁਨੀਟਰਿੰਗ ਕਰੇ।
- ਹਰੇਕ ਜ਼ਿਲ੍ਹਾ ਕੋਆਰਡੀਨੇਟਰ ਆਪਣੀ ਟੀਮ ਨਾਲ ਬੈਠੇਗਾ ਅਤੇ ਟੀਮ ਦੀ ਫੀਡ ਬੈਕ ਦੇ ਆਧਾਰ ਤੇ ਚੰਗੇ ਨਤੀਜਿਆਂ ਲਈ ਅਗਲੀ ਪਲੈਨਿੰਗ ਕਰੇਗਾ।

3.0 ਉਕਤ ਪਲੈਨਿੰਗ ਨੂੰ ਆਪਣੇ ਆਪਣੇ ਜ਼ਿਲ੍ਹੇ ਅੰਦਰ ਪ੍ਰਾਇਮਰੀ ਸਕੂਲਾਂ ਵਿੱਚ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਹੋਵੇਗੀ।

4.0 ਹੁਕਮਾਂ ਦੀ ਇੰਨ ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**